ਜਨਤਕ ਸੁਣਵਾਈ 17.03.2021 ਨੂੰ ਪਾਰਕ ਨੇੜੇ ਐਸ.ਐਸ.ਪੀ. ਰਿਹਾਇਸ਼, ਪਿੱਛੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਬਰਨਾਲਾ ਵਿਖੇ ਜਨਤਕ ਸੁਣਵਾਈ ਦੀ ਕਾਰਵਾਈ ਬਠਿੰਡਾ-ਲੁਧਿਆਣਾ ਗਰੀਨ ਫੀਲਡ ਹਾਈਵੇਅ ਜੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ (ਐਨ.ਈ.-5) ਨੇੜੇ ਲੁਧਿਆਣਾ (ਪਿੰਡ ਬੱਲੋਵਾਲ) ਤੋਂ ਸ਼ੁਰੂ ਹੋ ਕੇ ਅੰਮ੍ਰਿਤਸਰ-ਬਠਿੰਡਾ ਗਰੀਨ ਫੀਲਡ ਹਾਈਵੇਅ ਨੇੜੇ ਪਿੰਡ ਰਾਮਪੁਰਾ ਫੂਲ, ਬਠਿੰਡਾ ਵਿਖੇ ਖ਼ਤਮ ਹੁੰਦਾ ਹੈ। ਇਹ ਹਾਈਵੇਅ ਲੁਧਿਆਣਾ ਅਜਮੇਰ ਆਰਥਿਕ ਕੋਰੀਡੋਰ ਦੇ ਇਕ ਹਿੱਸੇ ਵਜੋਂ ਭਾਰਤਮਾਲਾ ਯੋਜਨਾ ਅਧੀਨ ਪੰਜਾਬ ਰਾਜ ਵਿੱਚ ਬਣਾਇਆ ਜਾਣਾ ਹੈ।

ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਪੰਜਾਬ ਸੈਕਸ਼ਨ ਦੇ ਵਿਕਾਸ ਲਈ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14/9/2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਟੀ (ਐਨ.ਐਚ.ਏ.ਆਈ.) ਦੁਆਰਾ ਦਾਇਰ ਕੀਤੀ ਗਈ ਅਰਜ਼ੀ ਦੇ ਸਬੰਧ ਵਿੱਚ ਮਿਤੀ 17.03.2021 ਨੂੰ ਪਾਰਕ ਨੇੜੇ ਐਸ.ਐਸ.ਪੀ. ਰਿਹਾਇਸ਼, ਪਿੱਛੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਬਰਨਾਲਾ ਵਿੱਖੇ ਜਨਤਕ ਸੁਣਵਾਈ ਦੀ ਕਾਰਵਾਈ ਬਠਿੰਡਾ-ਲੁਧਿਆਣਾ ਗਰੀਨ ਫੀਲਡ ਹਾਈਵੇਅ ਜੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ (ਐਨ.ਈ.-5) ਨੇੜੇ ਲੁਧਿਆਣਾ (ਪਿੰਡ ਬੱਲੋਵਾਲ) ਤੋਂ ਸ਼ੁਰੂ ਹੋ ਕੇ ਅੰਮ੍ਰਿਤਸਰ-ਬਠਿੰਡਾ ਗਰੀਨ ਫੀਲਡ ਹਾਈਵੇਅ ਨੇੜੇ ਪਿੰਡ ਰਾਮਪੁਰਾ ਫੂਲ, ਬਠਿੰਡਾ ਵਿਖੇ ਖ਼ਤਮ ਹੁੰਦਾ ਹੈ। ਇਹ ਹਾਈਵੇਅ ਲੁਧਿਆਣਾ ਅਜਮੇਰ ਆਰਥਿਕ ਕੋਰੀਡੋਰ ਦੇ ਇਕ ਹਿੱਸੇ ਵਜੋਂ ਭਾਰਤਮਾਲਾ ਯੋਜਨਾ ਅਧੀਨ ਪੰਜਾਬ ਰਾਜ ਵਿੱਚ ਬਣਾਇਆ ਜਾਣਾ ਹੈ। ਕਾਰਵਾਈ ਦੀ ਨਿਗਰਾਨੀ ਕਰਨ ਲਈ ਹੇਠ ਦਰਜ ਮੌਜੂਦ ਸਨ:-

1. ਸ੍ਰੀ ਆਦਿੱਤਿਆ ਡੱਚਲਵਾਲ,
   ਵਧੀਕ ਡਿਪਟੀ ਕਮਿਸ਼ਨਰ, ਬਰਨਾਲਾ ।
2. ਸ੍ਰੀ ਰਾਜੀਵ ਗੁਪਤਾ,
   ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫ਼ਤਰ ਸੰਗਰੂਰ।
3. ਸ੍ਰੀ ਸਚਿਨ ਸਿੰਗਲਾ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫ਼ਤਰ ਸੰਗਰੂਰ।
4. ਸ੍ਰੀ ਸਿਮਰਪ੍ਰੀਤ ਸਿੰਘ,
   ਜੂਨੀਅਰ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫ਼ਤਰ ਸੰਗਰੂਰ।
5. ਸ੍ਰੀ ਨਵਰਤਨ,
   (ਜਨਰਲ ਮੈਨੇਜਰ, ਵਾਤਾਵਰਣ),
   ਨੈਸ਼ਨਲ ਹਾਈਵੇ ਆਥਾਰਿਟੀ ਔਫ ਇੰਡੀਆ।
6. ਸ੍ਰੀ ਨਵਰੀਤ ਸਿੰਘ,
   (ਸਹਾਇਕ ਮੈਨੇਜਰ ਤਕਨੀਕੀ),
   ਨੈਸ਼ਨਲ ਹਾਈਵੇ ਆਥਾਰਿਟੀ ਔਫ ਇੰਡੀਆ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸੰਗਰੂਰ ਨੇ ਸੁਪਰਵਾਈਜ਼ਿੰਗ-ਕਮ-ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਸ਼ਹਿਰ/ਕਸਬਿਆਂ/ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ, ਜੋ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ।ਉਨ੍ਹਾਂ ਦੱਸਿਆ ਕਿ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਨੇ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਮੌਸਮ ਤਬਦੀਲੀ ਮੰਤਰਾਲੇ ਦੇ ਦਫ਼ਤਰ, ਭਾਰਤ ਸਰਕਾਰ ਨਵੀ ਦਿੱਲੀ ਵਿੱਖੇ ਈ.ਆਈ.ਏ ਨੋਟੀਫਿਕੇਸ਼ਨ ਨੰ.1533(ਈ) ਮਿਤੀ 14.9.2006 ਨੂੰ ਪੰਜਾਬ ਸੈਕਸ਼ਨ ਦੇ ਵਿਕਾਸ ਲਈ ਬਠਿੰਡਾ-ਲੁਧਿਆਣਾ ਗਰੀਨ ਫੀਲਡ ਹਾਈਵੇਅ ਜੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ (ਐਨ.ਈ.-5) ਨੇੜੇ ਲੁਧਿਆਣਾ (ਪਿੰਡ ਬੱਲੋਵਾਲ) ਤੋਂ ਸ਼ੁਰੂ ਹੋ ਕੇ ਅੰਮ੍ਰਿਤਸਰ-ਬਠਿੰਡਾ ਗਰੀਨ ਫੀਲਡ ਹਾਈਵੇਅ ਨੇੜੇ ਪਿੰਡ ਰਾਮਪੁਰਾ ਫੂਲ, ਬਠਿੰਡਾ ਵਿਖੇ ਖ਼ਤਮ ਹੁੰਦਾ ਹੈ। ਇਹ ਹਾਈਵੇਅ ਲੁਧਿਆਣਾ ਅਜਮੇਰ ਆਰਥਿਕ ਕੋਰੀਡੋਰ ਦੇ ਇਕ ਹਿੱਸੇ ਵਜੋਂ ਭਾਰਤਮਾਲਾ ਯੋਜਨਾ ਅਧੀਨ ਪੰਜਾਬ ਰਾਜ ਵਿੱਚ ਬਣਾਇਆ ਜਾਣਾ ਹੈ। ਪ੍ਰਸਤਾਵਿਕ ਐਕਸਪ੍ਰੈਸ ਵੇਅ ਸਟ੍ਰੈਚ 29.2 ਕਿਲੋਮੀਟਰ ਹੈ ਜੋ ਬਰਨਾਲਾ ਜ਼ਿਲ੍ਹੇ ਦੇ 12 ਪਿੰਡਾਂ ਵਿੱਚੋਂ ਲੰਘਣਾ ਹੈ।

ਉਨ੍ਹਾਂ ਨੇ ਉਥੇ ਮੌਜੂਦ ਲੋਕਾਂ ਨੂੰ ਪ੍ਰਸਤਾਵਿਤ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਉਕਤ ਮਨਜ਼ੂਰੀ ਪ੍ਰਾਪਤ ਕਰਨ ਲਈ ਪ੍ਰਾਜੈਕਟ ਪ੍ਰਸਤਾਵਕ ਵੱਲੋਂ ਦਾਇਰ ਕੀਤੀ ਅਰਜ਼ੀ ਦਾ ਫੈਸਲਾ ਕਰਨ ਤੋਂ ਪਹਿਲਾਂ ਜਨਤਕ ਸੁਣਵਾਈ ਕਰਵਾਉਣ ਦੀ ਜ਼ਰੂਰਤ ਬਾਰੇ ਜਾਣੂ ਕਰਾਇਆ। ਉਹਨਾਂ ਨੇ ਲੋਕਾਂ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਐਨ. ਐਚ. ਏ. ਆਈ. ਨੇ ਇਸ ਦੇ ਕਾਰਜਕਾਰੀ ਸੰਖੇਪ ਦੇ ਨਾਲ ਈਆਈਏ ਰਿਪੋਰਟ ਦੇ ਖਰੜੇ ਦੀਆਂ ਕਾਪੀਆਂ ਵੀ ਸੌਂਪੀਆਂ ਹਨ ਅਤੇ ਹਰ ਦਸਤਾਵੇਜ਼ ਦੀ ਇੱਕ ਕਾਪੀ ਡਿਪਟੀ ਕਮਿਸ਼ਨਰ, ਬਰਨਾਲਾ, ਜ਼ਿਲ੍ਹਾ ਪ੍ਰੀਸ਼ਦ, ਬਰਨਾਲਾ, ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ,

Scanned with CamScanner

ਜਨਤਕ ਸੁਣਵਾਈ 17.03.2021 ਨੂੰ ਪਾਰਕ ਨੇੜੇ ਐਸ.ਐਸ.ਪੀ. ਰਿਹਾਇਸ਼, ਪਿੱਛੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਬਰਨਾਲਾ ਵਿਖੇ ਜਨਤਕ ਸੁਣਵਾਈ ਦੀ ਕਾਰਵਾਈ ਬਠਿੰਡਾ-ਲੁਧਿਆਣਾ ਗਰੀਨ ਫੀਲਡ ਹਾਈਵੇਅ ਜੋ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ (ਐਨ.ਈ.-5) ਨੇੜੇ ਲੁਧਿਆਣਾ (ਪਿੰਡ ਮੱਲੇਵਾਲ) ਤੋਂ ਸ਼ੁਰੂ ਹੋ ਕੇ ਅੰਮ੍ਰਿਤਸਰ-ਬਠਿੰਡਾ ਗਰੀਨ ਫੀਲਡ ਹਾਈਵੇਅ ਨੇੜੇ ਪਿੰਡ ਰਾਮਪੁਰਾ ਫੂਲ, ਬਠਿੰਡਾ ਵਿਖੇ ਖਤਮ ਹੁੰਦਾ ਹੈ। ਇਹ ਹਾਈਵੇਅ ਲੁਧਿਆਣਾ ਅਜਮੇਰ ਆਰਥਿਕ ਕੋਰੀਡੋਰ ਦੇ ਇਕ ਹਿੱਸੇ ਵਜੋਂ ਭਾਰਤਮਾਲਾ ਯੋਜਨਾ ਅਧੀਨ ਪੰਜਾਬ ਰਾਜ ਵਿਚ ਬਣਾਇਆ ਜਾਣਾ ਹੈ।

ਮਲੇਰਕੋਟਲਾ, ਐਮ.ਈ.ਈ.ਐਫ. ਅਤੇ ਸੀ.ਸੀ. ਦੇ ਖੇਤਰੀ ਦਫਤਰ ਚੰਡੀਗੜ੍ਹ ਵਿਖੇ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫ਼ਤਰ, ਸੰਗਰੂਰ ਵਿਖੇ ਜਨਤਕ ਅਤੇ ਹੋਰ ਹਿੱਸੇਦਾਰਾਂ ਤੱਕ ਪਹੁੰਚ ਰੱਖੀ ਗਈ। ਉਹਨਾਂ ਨੇ ਇਹ ਵੀ ਦਸਿਆ ਕਿ ਜਨਤਾ ਨੂੰ ਜਨਤਕ ਸੁਣਵਾਈ ਦੀ ਮਿਤੀ, ਸਮੇਂ ਅਤੇ ਜਗ੍ਹਾਂ ਤੋਂ ਜਾਣੂ ਕਰਵਾਉਣ ਲਈ ਮਿਤੀ 09/03/2021 ਨੂੰ 'ਦਿ ਹਿੰਦੋਸਤਾਨ ਟਾਈਮਜ' (ਇੰਗਲਿਸ਼ ਡੇਲੀ) ਅਤੇ 'ਰੋਜ਼ਾਨਾ ਸਪੋਕਸਮੈਨ' (ਪੰਜਾਬੀ ਡੇਲੀ) ਨੂੰ ਪ੍ਰਕਾਸ਼ਤ ਕੀਤਾ ਗਿਆ ਅਤੇ ਇਸ ਇਸ਼ਤਿਹਾਰ ਵਿੱਚ ਇਹ ਵੀ ਦਸਿਆ ਸੀ ਕਿ ਰੈਪਿਡ ਈ.ਆਈ.ਏ. ਰਿਪੋਰਟ ਅਤੇ ਉਸਦੇ ਸੰਖੇਪ ਰਿਪੋਰਟ ਕਿਹੜੇ ਥਾਵਾਂ ਤੇ ਉਪਲਬਧ ਹੈ ਤਾਂ ਜੋ ਜਨਤਾ ਇਹਨਾਂ ਰਿਪੋਰਟਾ ਨੂੰ ਜਨਤਕ ਸੁਣਵਾਈ ਤੋਂ ਪਹਿਲਾ ਪੜ੍ਹ ਸਕਣ।

ਇੱਥੇ ਇਹ ਵੀ ਦੱਸਣ ਯੋਗ ਹੈ ਕਿ ਜਨਤਕ ਸੁਣਵਾਈ ਜੋ ਕਿ ਮਿਤੀ 08/02/2021 ਨੂੰ ਹੋਣੀ ਤੈਅ ਸੀ, ਲੇਕਿਨ ਇਹ ਸੁਣਵਾਈ ਵਧੀਕ ਡਿਪਟੀ ਕਮਿਸ਼ਨਰ ਬਰਨਾਲਾ ਦੇ ਪੱਤਰ ਨੰਬਰ 1108 ਮਿਤੀ 04/02/2021 ਰਾਹੀਂ ਨਗਰ ਕਮੇਟੀ ਦੇ ਚੁਨਾਵਾਂ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਨੈਸ਼ਨਲ ਹਾਈਵੇ ਅੱਥਾਰਿਟੀ ਆੱਫ ਇੰਡੀਆ, ਲੁਧਿਆਣਾ ਦੇ ਪੱਤਰ ਨੰ: 6447ਮਿਤੀ 03/03/2021 ਰਾਹੀਂ ਇਹ ਸੂਚਿਤ ਕੀਤਾ ਗਿਆ ਕਿ ਜਨਤਕ ਸੁਣਵਾਈ ਕਰਵਾਉਣ ਦਾ ਮਸਲਾ ਡਿਪਟੀ ਕਮਿਸ਼ਨਰ ਬਰਨਾਲਾ ਅਤੇ ਡੀ.ਆਰ.ਓ ਬਰਨਾਲਾ ਨਾਲ ਵਿਚਾਰਿਆ ਗਿਆ ਹੈ ਅਤੇ ਜਨਤਕ ਸੁਣਵਾਈ ਮਿਤੀ 17/03/2021 ਸਮਾਂ ਦੁਪਿਹਰ 2:30 ਵਜੇ ਤੋਂ ਕਰਨ ਦਾ ਫੈਸਲਾ ਲਿਆ ਗਿਆ ਸੀ। ਜਿਸ ਅਨੁਸਾਰ ਬੋਰਡ ਦੇ ਪੱਤਰ ਨੰ: 5304 ਮਿਤੀ 09/03/2021, ਜੋ ਕਿ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਸੰਬੋਧਿਤ ਸੀ, ਜਨਤਕ ਸੁਣਵਾਈ ਮਿਤੀ 17/03/2021 ਨੂੰ ਸਮਾਂ ਦੁਪਿਹਰ 2:30 ਵਜੇ ਤੋਂ ਪਾਰਕ ਨੇੜੇ ਐਸ.ਐਸ.ਪੀ. ਰਿਹਾਇਸ, ਪਿੱਛੇ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ, ਬਰਨਾਲਾ ਵਿਖੇ ਰਖਣੀ ਤੈਅ ਹੋਈ। ਇਸ ਦਾ ਨੋਟਿਸ 09/03/2021 ਨੂੰ ਦੋ ਪ੍ਰਮੁੱਖ ਅਖਬਾਰਾਂ, 'ਦਿ ਹਿੰਦੋਸਤਾਨ ਟਾਈਮਜ਼' (ਇੰਗਲਿਸ਼ ਡੇਲੀ) ਅਤੇ 'ਰੋਜ਼ਾਨਾ ਸਪੋਕਸਮੈਨ' (ਪੰਜਾਬੀ ਡੇਲੀ) ਵਿਚ ਪ੍ਰਕਾਸ਼ਤ ਕੀਤਾ ਗਿਆ ਤਾਂ ਜੋ ਜਨਤਾ ਨੂੰ ਜਨਤਕ ਸੁਣਵਾਈ ਲਈ ਦਿੱਤੀ ਮਿਤੀ , ਸਮਾਂ ਅਤੇ ਸਥਾਨ ਬਾਰੇ ਜਾਗਰੂਕ ਕਰਵਾਇਆ ਜਾ ਸਕੇ।

ਜਨਤਕ ਸੁਣਵਾਈ ਦੇ ਸਮੇਂ ਦੌਰਾਨ, ਆਲੇ-ਦੁਆਲ਼ੇ ਦੇ ਪਿੰਡਾਂ ਵਿਚੋਂ ਵੱਡੀ ਗਿਣਤੀ ਵਿੱਚ ਕਿਸਾਨ ਪ੍ਰਸਤਾਵਿਤ ਪ੍ਰੋਜੈਕਟ ਦੀ ਜਨਤਕ ਸੁਣਵਾਈ ਲਈ ਇੱਕਠੇ ਹੋਏ ਤੇ ਉਹਨਾਂ ਵਲੋਂ ਸਰਕਾਰ ਵਿਰੋਧੀ ਨਾਰੇ ਲਗਾ ਗਏ ਤੇ ਉਹਨਾਂ ਵਲੋਂ ਜਨਤਕ ਸੁਣਵਾਈ ਲਈ ਇੱਕਠੇ ਹੋਏ ਅਧਿਕਾਰੀਆਂ ਦਾ ਘਿਰਾਓ ਵੀ ਕੀਤਾ ਗਿਆ। ਉਹਨਾਂ ਵਲੋਂ ਅਧਿਕਾਰੀਆਂ ਨੂੰ ਜਨਤਕ ਸੁਣਵਾਈ ਵਾਲੀ ਜਗ੍ਹਾਂ ਉਪੱਰ ਜਾਣ ਤੋਂ ਰੋਕਿਆ ਗਿਆ। ਇਸ ਤੋਂ ਇਲਾਵਾ ਉਹਨਾਂ ਵਲੋਂ ਇਹ ਵੀ ਸੂਚਿਤ ਕੀਤਾ ਗਿਆ ਕਿ ਉਹ ਪ੍ਰਸਤਾਵਿਤ ਪ੍ਰੋਜੈਕਟ ਲਈ ਸਰਕਾਰ ਨੂੰ ਆਪਣੀ ਜਮੀਨ ਨਹੀਂ ਦੇਣਗੇ ਅਤੇ ਪ੍ਰਸਤਾਵਿਤ ਪ੍ਰੋਜੈਕਟ ਦੇ ਬਨਣ ਨਾਲ ਬਣੇ ਘਰ ਢਹਿ ਜਾਣਗੇ ਅਤੇ ਉਹ ਬੇਘਰ ਹੋ ਜਾਣਗੇ। ਪਰੰਤੂ ਉਹਨਾਂ ਵਲੋਂ ਵਾਤਾਵਰਣ ਸੰਬੰਧੀ ਕੋਈ ਸਵਾਲ ਨਹੀਂ ਪੁੱਛਿਆ ਗਿਆ। ਇਸ ਤੋਂ ਇਲਾਵਾ ਹਾਜਰ ਹੋਏ ਲੋਕਾਂ ਵਲੋਂ ਹਾਜਰੀ ਲਗਵਾਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਅਤੇ ਵਿਡੀਓਗ੍ਰਾਫੀ/ਫੋਟੋਗ੍ਰਾਫੀ ਵੀ ਨਹੀ ਕਰਨ ਦਿੱਤੀ ਗਈ।

ਇੰਜ: ਸਿਮਰਪ੍ਰੀਤ ਸਿੰਘ
ਜੂਨੀਅਰ ਵਾਤਾਵਰਣ ਇੰਜੀਨੀਅਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਖੇਤਰੀ ਦਫ਼ਤਰ, ਸੰਗਰੂਰ

ਇੰਜ: ਸਚਿਨ ਸਿੰਗਲਾ
ਸਹਾਇਕ ਵਾਤਾਵਰਣ ਇੰਜੀਨੀਅਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਖੇਤਰੀ ਦਫ਼ਤਰ, ਸੰਗਰੂਰ

ਇੰਜ: ਰਾਜੀਵ ਗੁਪਤਾ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫ਼ਤਰ, ਸੰਗਰੂਰ

ਵਧੀਕ ਡਿਪਟੀ ਕਮਿਸ਼ਨਰ, ਬਰਨਾਲਾ

Scanned with CamScanner